नामांक Roll No.

| | | | | | | |
|---|---|---|---|---|---|---|
| | | | | | | |

No. of Questions — 10

No. of Printed Pages — 7

**S—75—Punjabi (T.L.)**

# SECONDARY EXAMINATION, 2014
# PUNJABI

**( THIRD LANGUAGE )**

**Time : 3 $\frac{1}{4}$ Hours**

**Maximum Marks : 80**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ ’ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ ’ਤੇ ਹੀ ਲਿਖੋ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਕ ਵਾਲ਼ੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ ’ਤੇ ਇੱਕ ਹੀ ਤਰਤੀਬ ਵਿੱਚ ਲਿਖੋ ।
5. ਪ੍ਰਸ਼ਨ ਸੰਖਿਆ 3 ਵਿੱਚ ਆਂਤਰਿਕ ਵਿਕੱਲਪ ਹੈ ।

ਪ੍ਰਸ਼ਨ - 1. ਧਰਮ ਅਤੇ ਸਦਾਚਾਰ ਦਾ ਆਦਿ-ਜੁਗਾਦਿ ਦਾ ਮੇਲ ਹੈ । ਹਰ ਧਰਮ ਅਨੁਸਾਰ ਸਦਾਚਾਰ ਜੀਵਨ ਦਾ ਇੱਕ ਬਹੁਤ ਹੀ ਜ਼ਰੂਰੀ ਅੰਗ ਹੈ । ਧਰਮ ਕੀ ਹੈ ? ਜੀਵਨ ਨੂੰ ਸਭ ਤੋਂ ਚੰਗੇ ਢੰਗ ਨਾਲ਼ ਜੀਣ ਤੇ ਇਸ ਦੁਆਰਾ ਸੱਚ ਦੀ ਪਛਾਣ ਦਾ ਨਾਮ ਧਰਮ ਹੈ । ਧਰਮ ਦਾ ਮਨੋਰਥ ਪ੍ਰਾਪਤ ਕਰਨ ਨਾਲ਼ੋਂ ਵਧੇਰੇ ਕੁੱਝ ਬਣਨਾ ਹੈ, ਕੁੱਝ ਹੋਣਾ ਹੈ । ਧਰਮ ਜੀਵਨ ਜਾਚ ਸਿਖਾਂਦਾ ਹੈ । ਸੱਚਾ ਸੁੱਚਾ ਜੀਵਨ ਤਾਂ ਹੀ ਹੈ, ਜੇ ਆਚਰਨ ਉੱਚਾ ਹੈ । ਸਦਾਚਾਰ ਚੰਗੇ ਜੀਵਨ ਦੀ ਨੀਂਹ ਹੈ । ਮਨੁੱਖਾਂ ਨਾਲ਼ ਚੰਗੇ ਵਰਤਾਓ ਦਾ ਨਾਂ ਸਦਾਚਾਰ ਹੈ, ਇਖਲਾਕ ਹੈ ।

ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ਼ ਪੜ੍ਹ ਕੇ ਹੇਠਲੇ ਪ੍ਰਸ਼ਨਾਂ ਦੇ ਉੱਤਰ ਦਿਓ :-

5 × 2= 10

(ੳ) ਧਰਮ ਤੇ ਸਦਾਚਾਰ ਦਾ ਆਪਸ ਵਿੱਚ ਕੀ ਸੰਬੰਧ ਹੈ ?

(ਅ) ਧਰਮ ਕੀ ਹੈ ?

(ੲ) ਸਦਾਚਾਰ ਕੀ ਹੈ ?

(ਸ) ਲਕੀਰੇ ਸ਼ਬਦਾਂ 'ਚੋਂ ਕਿਸੇ ਦੋ ਦੇ ਅਰਥ ਲਿਖੋ ?

(ਹ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ ।

ਪ੍ਰਸ਼ਨ - 2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ :- 8

(ੳ) ਸਿੱਖ ਧਰਮ ਦੇ ਬਾਨੀ-ਗੁਰੂ ਨਾਨਕ ਦੇਵ ਜੀ

(ਅ) ਇਸਤਰੀ ਸਿੱਖਿਆ

(ੲ) ਦੇਸ਼ ਪਿਆਰ

(ਸ) ਵਿਸਾਖੀ ਦਾ ਮੇਲਾ

(ਹ) ਵਿਦਿਆਰਥੀ ਅਤੇ ਫੈਸ਼ਨ ।

ਪ੍ਰਸ਼ਨ - 3. ਖੇਡਾਂ ਦਾ ਸਾਮਾਨ ਮੰਗਵਾਉਣ ਲਈ ਜੀਵਨ ਸਿੰਘ ਐਂਡ ਸੰਨਜ਼-ਜਲੰਧਰ ਨੂੰ ਇੱਕ ਪੱਤਰ ਲਿਖੋ । 4

**ਜਾਂ**

ਸ੍ਰੀ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ-ਬਟਾਲਾ ਦੇ ਮੈਨੇਜਰ ਨੂੰ ਸਕੂਲ ਵਿੱਚ ਖਾਲੀ ਪਈ ਪੰਜਾਬੀ ਅਧਿਆਪਕ ਦੀ ਆਸਾਮੀ ਉੱਪਰ ਲੱਗਣ ਲਈ ਪੱਤਰ ਲਿਖੋ ।

ਪ੍ਰਸ਼ਨ - 4. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਦੇ ਹੋਏ, ਇਸਦਾ ਢੁੱਕਵਾਂ ਸਿਰਲੇਖ ਦਿਓ :- $2 + 1 = 3$

ਸਿਨੇਮਾ ਮਨ-ਪਰਚਾਵੇ ਦਾ ਬਹੁਤ ਵਧੀਆ ਸਾਧਨ ਹੈ । ਅਸੀਂ ਥੋੜ੍ਹੇ ਜਿਹੇ ਪੈਸੇ ਖਰਚ ਕੇ ਕਾਫੀ ਸਮਾਂ ਆਪਣਾ ਮਨ ਪਰਚਾ ਸਕਦੇ ਹਾਂ। ਇਹੋ ਹੀ ਕਾਰਨ ਹੈ ਕਿ ਸਿਨੇਮਾ ਵੇਖ ਕੇ ਮਨ ਪਰਚਾਉਣ ਵਾਲ਼ਿਆਂ ਦੀਆਂ ਸਿਨਮਾ ਘਰਾਂ ਅੱਗੇ ਭੀੜਾਂ ਲੱਗੀਆਂ ਰਹਿੰਦੀਆਂ ਹਨ ਤੇ ਹਰ ਇੱਕ ਆਦਮੀ ਸਿਨਮਾ ਦੇਖਣ ਲਈ ਇਸ ਭੀੜ ਵਿੱਚ ਸ਼ਾਮਿਲ ਹੋਣ ਲਈ ਤਿਆਰ ਰਹਿੰਦਾ ਹੈ, ਕਿਉਂਕਿ ਦਿਨ ਭਰ ਦਾ ਥਕੇਵਾਂ ਉਤਾਰਨ ਤੇ ਮਨ ਉੱਪਰ ਪਏ ਬੋਝ ਨੂੰ ਲਾਹੁਣ ਲਈ ਹੋਰ ਕੋਈ ਵੀ ਇੰਨਾ ਚੰਗਾ ਸਾਧਨ ਨਹੀਂ ਹੈ ।

ਪ੍ਰਸ਼ਨ - 5. (ੳ) ਹੇਠ ਲਿਖੇ ਸ਼ਬਦਾਂ ਨੂੰ ਅਗੇਤਰ ਅਤੇ ਪਿਛੇਤਰ ਦੇ ਤੌਰ ’ਤੇ ਵਰਤੋ :-

ਅਗੇਤਰ = ਬੇ, ਖੁਸ਼, ਬਦ । (ਤਿੰਨ-ਤਿੰਨ ਸ਼ਬਦ) $\frac{1}{2} + \frac{1}{2} + \frac{1}{2} = 1\frac{1}{2}$

ਪਿਛੇਤਰ = ਆਲੂ, ਮੰਦ, ਸ਼ਾਲਾ । (ਤਿੰਨ-ਤਿੰਨ ਸ਼ਬਦ) $\frac{1}{2} + \frac{1}{2} + \frac{1}{2} = 1\frac{1}{2}$

(ਅ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :- $1 + 1 + 1 = 3$

1. ਪਿੰਡ ਦੇ ਝਗੜਿਆਂ ਦਾ ਫੈਸਲਾ ਕਰਨ ਵਾਲ਼ੀ ਸਭਾ ।
2. ਲੋਕਾਂ ਨੂੰ ਕਰਜ਼ਾ ਦੇਣ ਵਾਲ਼ਾ ।
3. ਘਰ ਵਿੱਚ ਪਹਿਲਾ ਹੋਇਆ ਪੁੱਤਰ / ਧੀ ।

(ੲ) ਹੇਠ ਲਿਖੇ ਸ਼ਬਦਾਂ ਨੂੰ ਸੋਧ ਕੇ ਲਿਖੋ :- (ਕੋਈ ਤਿੰਨ) 1 + 1 + 1 = 3

ਕਵੀਤਾ, ਯੋਗ, ਬੀਹ, ਸ਼ੈਹਰ, ਪੂਸਤਕ, ਦਸਮੀਂ ।

(ਸ) ਹੇਠ ਲਿਖੇ ਵਾਕਾਂ ਦੀ ਬਣਤਰ ਬਦਲੋ :- 1 + 1 + 1 = 3

1. ਗੱਭਰੂ ਭੰਗੜਾ ਪਾ ਰਿਹਾ ਹੈ । (ਨਾਂਹ ਵਾਚਕ ਵਾਕ ਬਣਾਓ)
2. ਕੁੜੀਆਂ ਕਵਿਤਾਵਾਂ ਪੜ੍ਹ ਰਹੀਆਂ ਹਨ । (ਭਵਿੱਖ ਕਾਲ ਵਾਕ ਬਣਾਓ)
3. ਬੱਚਾ ਖੇਡਦਾ ਹੈ । (ਪ੍ਰਸ਼ਨ-ਵਾਚਕ ਵਾਕ ਬਣਾਓ)

(ਹ) ਹੇਠ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :- (ਕੋਈ ਤਿੰਨ)

1 + 1 + 1 = 3

1. ਮੈਂ ਅੱਜ ਸਕੂਲ ਨਹੀਂ ਜਾ ਸਕਦਾ ਕਿਉਂਕਿ ਮੈਂ ਬਿਮਾਰ ਹਾਂ
2. ਵਿਆਕਰਨ ਦੇ ਕਿੰਨੇ ਭਾਗ ਹਨ
3. ਮਾਝੀ ਦੁਆਬੀ ਮਲਵਈ ਪੁਆਧੀ ਪੰਜਾਬੀ ਦੀਆਂ ਉਪਭਾਸ਼ਾਵਾਂ ਹਨ
4. ਕਾਸ਼ ਮੈਂ ਧਨੀ ਹੁੰਦਾ

ਪ੍ਰਸ਼ਨ - 6. ਆਪਣੀ ਪਾਠ-ਪੁਸਤਕ ਦੇ ਇਸ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :-

$6 \times 1\frac{1}{2} = 9$

ਸ਼ਾਮ ਦਾ ਵੇਲਾ ਚੌਕੀ ਇੰਚਾਰਜ਼, ਥਾਣੇਦਾਰ — ਮੁਖਤਿਆਰ ਸਿੰਘ ਨੇ ਤਿਆਰੀ ਕੱਸ ਲਈ — ਖਾਕੀ ਪੈਂਟ, ਸਫੈਦ ਕਮੀਜ, ਲਾਲ ਫ਼ਿਫ਼ਟੀ ਉੱਤੇ ਖ਼ਾਕੀ ਪੱਗ । ਠਾਠੀ ਲਾਹ ਕੇ ਕਿੱਲੀ ਨਾ਼ਲ ਟੰਗੀ । ਦਾੜ੍ਹੀ ਨੂੰ ਹੱਥ ਨਾ਼ਲ ਚੰਗੀ ਤਰ੍ਹਾਂ ਦੱਬਿਆ, ਮਤੇ ਕੋਈ ਵਾ਼ਲ ਸਿਰ ਚੁੱਕੀ ਖਲੋਤਾ ਹੋਵੇ । ਗਾਤਰੇ ਰਿਵਾਲਵਰ ਉਤੇ ਹੱਥ ਵਿੱਚ ਬੈਂਤ ਦਾ ਮੋਟਾ ਡੰਡਾ ਫੜ, ਮੁੱਛਾਂ ਨੂੰ ਵੱਟ ਚਾੜ੍ਹਦਿਆਂ ਆਵਾਜ਼ ਮਾਰੀ, “ਨਛੱਤਰ ਸਿਆਂ !” “ਆਇਆ ਜ਼ਨਾਬ !” ਨਾ਼ਲ ਦੇ ਕਮਰੇ ਵਿੱਚੋਂ ਹੌਲਦਾਰ ਭੱਜਿਆ ਆਇਆ।

"ਮੈਂ ਜ਼ਰਾ ਇਲਾਕੇ ਦੀ ਗਸ਼ਤ ਕਰ ਆਵਾਂ । ਕੋਈ ਸਾਹਬ ਆ ਵੜੇ ਤਾਂ ਸੰਭਾਲ਼ ਲਈਂ। ਚੌਕੀ ਦਾ ਧਿਆਨ ਰੱਖੀਂ । ਜ਼ੇਬ-ਕਤਰੇ ਨੂੰ ਟੱਟੀ-ਪਿਸ਼ਾਬ ਆਪਣੀ ਨਿਗਰਾਨੀ ਹੇਠ ਕਰਾਂਵੀਂ ।" "ਕੋਈ ਨੀਂ ਜੀ, ਫਿਕਰ ਨਾ ਕਰੋ ।"ਓ ਬਈ ਫ਼ਿਕਰ ਤਾਂ ਕਰਨਾ ਈ ਹੋਇਆ, ਸਹੁਰੇ ਸੀਖਾਂ ਤੋੜ ਕੇ ਭੱਜ ਜਾਂਦੇ ਐ ।"

(ੳ) ਇਹ ਪੈਰ੍ਹਾ ਕਿਸ ਕਹਾਣੀ ਵਿੱਚੋਂ ਲਿਆ ਗਿਆ ਹੈ ?

(ਅ) ਇਸ ਪੈਰ੍ਹੇ ਦਾ ਲੇਖਕ ਕੌਣ ਹੈ ?

(ੲ) ਚੌਕੀ ਇੰਚਾਰਜ਼ ਦਾ ਨਾਮ ਕੀ ਹੈ ?

(ਸ) ਚੌਕੀ ਇੰਚਾਰਜ਼ ਨੇ ਕਿਸ ਲਈ ਤਿਆਰੀ ਕੱਸੀ ਸੀ ?

(ਹ) ਹੌਲਦਾਰ ਦਾ ਨਾਮ ਕੀ ਹੈ ?

(ਕ) ਚੌਕੀ ਇੰਚਾਰਜ਼ ਨੂੰ ਕਿਸ ਦੇ ਭੱਜਣ ਦਾ ਖ਼ਤਰਾ ਹੈ ?

ਪ੍ਰਸ਼ਨ - 7. ਕੋਈ ਪੰਜ ਪ੍ਰਸ਼ਨ ਕਰੋ :- 5 × 1 = 5

(ੳ) 'ਦੁਸ਼ਮਣ' ਇਕਾਂਗੀ ਦਾ ਲੇਖਕ ਕੌਣ ਹੈ ?

(ਅ) ਟਾਲਸਟਾਏ ਦੀ ਮੌਤ ਕਿਵੇਂ ਹੋਈ ?

(ੲ) ਡਾ: ਰਾਧਾ ਕ੍ਰਿਸ਼ਨਨ ਦਾ ਭਾਰਤ ਤੇ ਵਿਦੇਸ਼ਾਂ ਵੱਲੋਂ ਕੀ ਸਨਮਾਨ ਕੀਤਾ ਗਿਆ ?

(ਸ) ਬਾਬਾ ਗੁਰਦਿੱਤ ਸਿੰਘ ਨੇ ਮਲਾਇਆ ਵਿੱਚ ਧਨ ਕਿਵੇਂ ਕਮਾਇਆ ?

(ਹ) ਜਿੱਥੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ, ਉੱਥੇ ਕਿਹੜਾ ਗੁਰਦੁਆਰਾ ਬਣਿਆ ਹੋਇਆ ਹੈ ?

(ਕ) ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਦਾ ਲੇਖਕ ਕੌਣ ਹੈ ?

(ਖ) ਟਾਲਸਟਾਏ ਨੂੰ ਸਕੂਲ ਤੋਂ ਕਿਉਂ ਨਫ਼ਰਤ ਸੀ ?

ਪ੍ਰਸ਼ਨ - 8. ਕੋਈ ਦੋ ਪ੍ਰਸ਼ਨ ਕਰੋ :- 2 × 3 = 6

(ੳ) ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਵਿੱਚ ਕੀ ਤਬਦੀਲੀ ਆਈ ਹੈ ?

(ਅ) 'ਦੁਸ਼ਮਣ' ਇਕਾਂਗੀ ਦੇ ਮੁੱਖ ਪਾਤਰ ਰਘੁਨਾਥ ਦੀ ਪਾਤਰ ਉਸਾਰੀ ਕਰੋ ।

(ੲ) ਅੰਗਰੇਜ਼ੀ ਰਾਜ ਦੀ ਆਰਥਕਤਾ ਨੂੰ ਢਾਹ ਲਾਉਣ ਲਈ ਕੂਕਾ ਲਹਿਰ ਨੇ ਕਿਹੜਾ ਢੰਗ ਅਪਣਾਇਆ ?

ਪ੍ਰਸ਼ਨ - 9. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :- 2 × 5 = 10

ਦੀਨਾਂ ਇਮਾਨਾਂ ਵਾਲਿ਼ਓ ਦਸਖ਼ਤ ਕਰੋ !

ਦੋਹਾਂ ਜਹਾਨਾਂ ਵਾਲਿ਼ਓ ਦਸਖ਼ਤ ਕਰੋ !

ਨੇਮਾਂ ਤੇ ਧਰਮਾਂ ਵਾਲਿ਼ਓ ਦਸਖ਼ਤ ਕਰੋ !

ਵੇ ਆਓ ਕਰਮਾਂ ਵਾਲਿ਼ਓ ਦਸਖ਼ਤ ਕਰੋ !

(ਅ) ਨਾਦਰ ਸ਼ਾਹ ਕੁਰਲਾਇਆ ਬੁੱਢੀ ਵੇਖ ਕੇ ।

ਕਰਦਾ ਹਾਇਆ-ਹਾਇਆ, ਮਾਰ ਦੁਹੱਥੜਾਂ ।

ਤੂੰ ਮੈਨੂੰ ਕਿਉਂ ਨਾ ਜਾਇਆ, ਮੇਰੀਏ ਮਾਂ ਨੀ ।

ਇਹ ਕਹਿ ਕੇ ਤਾਜ ਟਿਕਾਇਆ ਚਰਨੀਂ ਉਸ ਦੇ ।

(ੲ) ਫ਼ਰੀਦਾ ਖਾਕੁ ਨ ਨਿੰਦੀਐ ਖਾਕੁ ਜੇਡੁ ਨ ਕੋਇ ॥

ਜੀਵਦਿਆਂ ਪੈਰਾਂ ਤਲੈ ਮੁਇਆਂ ਉਪਰਿ ਹੋਇ ॥

ਪ੍ਰਸ਼ਨ - 10. ਕੋਈ ਦੋ ਪ੍ਰਸ਼ਨ ਕਰੋ :- $2 \times 5 = 10$

(ੳ) ਬੁੱਲ੍ਹੇ ਸ਼ਾਹ ਰਚਿਤ ਕਾਫ਼ੀ 'ਇਸ਼ਕ ਦੀ ਨਵੀਓਂ ਨਵੀਂ ਬਹਾਰ' ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ।

(ਅ) 'ਮਾਂ ਦਾ ਦਿਲ' ਕਵਿਤਾ ਵਿੱਚ ਕਵੀ ਨੇ ਕੀ ਸੰਦੇਸ਼ ਦੇਣ ਦਾ ਜਤਨ ਕੀਤਾ ਹੈ ?

(ੲ) ਪੂਰਨ ਕਿਸ ਕੁੜੀ ਨੂੰ ਸਤਿਕਾਰ ਯੋਗ ਸਮਝਦਾ ਹੈ ?